ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
(ਅਮਲਾ-4 ਸ਼ਾਖਾ)

ਹੁਕਮ ਨੰ: 2/1-2017ਅ4(5)
ਮਿਤੀ: 06.08.2018

## ਪਬਲਿਕ ਨੋਟਿਸ

ਸੀ.ਓ.ਸੀ.ਪੀ. ਨੰ: 2374 ਆਫ 2017 ਇੰਨ ਸਿਵਲ ਰਿੱਟ ਪਟੀਸ਼ਨ 27231 ਆਫ 2016 ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਮਿਤੀ 06.07.2018 ਅਤੇ ਪੰਜਾਬ ਐਜੂਕੇਸ਼ਨ(ਟੀਚਿੰਗ ਕਾਡਰ) ਗਰੁੱਪ ਸੀ ਸਰਵਿਸ ਰੂਲਜ, 2018 ਦੀ ਰੋਸ਼ਨੀ ਵਿੱਚ ਹੋਰ ਕੈਟਾਗਰੀ ਟੀਚਰ (Other Category Teacher) (ਭਾਵ ਅ/ਕ ਟੀਚਰ, ਪੰਜਾਬੀ ਟੀਚਰ, ਹਿੰਦੀ ਟੀਚਰ, ਪੀ.ਟੀ.ਆਈ., ਟੇਲਰਿੰਗ/ਸਲਾਈ ਟੀਚਰ, ਮਿਊਜਿਕ ਟੀਚਰ, ਹੋਮ/ਡਮੈਸਿਟਕ ਸਾਇੰਸ ਟੀਚਰ, ਐਗਰੀਕਲਚਰ ਟੀਚਰ, ਵੋਕੇਸ਼ਨਲ ਟੀਚਰ ਅਤੇ ਵਰਕ ਐਕਸਪੀਰੀਅਸ ਟੀਚਰ) ਤੋਂ ਮਾਸਟਰ ਕਾਡਰ ਵਿੱਚ 1% ਕੋਟੇ ਅਧੀਨ ਉਪਲੱਬਧ ਅੰਗਰੇਜੀ, ਸਾਇੰਸ ਅਤੇ ਮੈਥ ਵਿਸ਼ਿਆ ਦੇ ਅਧਿਆਪਕਾਂ ਦੀ ਕ੍ਰਮਵਾਰ ਐਮ.ਆਈ.ਐਸ. ਵਿੰਗ /ਸਬੰਧਤ ਸ਼ਾਖਾ ਤੋਂ ਉਪਲੱਬਧ ਡਾਟੇ ਅਨੁਸਾਰ ਪ੍ਰੋਵੀਜਨਲ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਜੋ ਨੱਥੀ ਹੈ।ਇਸ ਸੂਚੀ ਅਨੁਸਾਰ ਅਧਿਆਪਕਾਂ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਾਉਸਲਿੰਗ ਲਈ ਸੱਦਾ ਦਿੱਤਾ ਜਾਂਦਾ ਹੈ:-

| ਮਿਤੀ | ਸਥਾਨ | ਵਿਸ਼ਾ | ਕਾਉਸਲਿੰਗ ਲਈ ਸ਼ਾਮਿਲ ਹੋਣ ਵਾਲੇ ਕਰਮਚਾਰੀਆਂ ਦੇ ਲੜੀ ਨੰ: | ਵਿਸ਼ੇਸ਼ ਕਥਨ |
|---|---|---|---|---|
| 08.08.2018 | ਮੁੱਖ ਦਫਤਰ, ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ (ਅਮਲਾ-4 ਸ਼ਾਖਾ ਤਰੱਕੀਆਂ) | ਅੰਗਰੇਜੀ | ਨੱਥੀ ਸੂਚੀ ਅਨੁਸਾਰ | |
| | | ਸਾਇੰਸ | ਨੱਥੀ ਸੂਚੀ ਅਨੁਸਾਰ | |
| | | ਮੈਥ | ਨੱਥੀ ਸੂਚੀ ਅਨੁਸਾਰ | |

ਇਸ ਸੂਚੀ ਵਿੱਚ ਹੋਰ ਕੈਟਾਗਰੀ ਟੀਚਰ (Other Category Teacher) ਦੇ ਉਨ੍ਹਾਂ ਅਧਿਆਪਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਹੜੇ ਮਿਤੀ 28.06.2018 ਤੱਕ ਪੰਜਾਬ ਐਜੂਕੇਸ਼ਨ(ਟੀਚਿੰਗ ਕਾਡਰ) ਗਰੁੱਪ ਸੀ ਸਰਵਿਸ ਰੂਲਜ, 2018 ਅਨੁਸਾਰ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਹਨ ਅਤੇ ਇਸ ਮਿਤੀ ਤੋਂ ਪਿਛਲੇ ਪੰਜ ਸਾਲਾਂ ਤੋਂ ਰੈਗੂਲਰ ਤੋਰ ਤੇ ਨਿਯੁਕਤ ਹਨ। ਇਸ ਤੋਂ ਇਲਾਵਾ ਉਕਤ ਅਨੁਸਾਰ ਹੋਰ ਕੋਈ ਸੀਨੀਅਰ ਅਧਿਆਪਕ ਜੋ ਕਿ ਮਾਸਟਰ ਕਾਡਰ ਦੀਆਂ ਉਪਰੋਕਤ ਅਨੁਸਾਰ ਵਿਸ਼ਾ ਯੋਗਤਾਵਾ ਪੂਰੀਆਂ ਕਰਦੇ ਹੋਣ ਅਤੇ ਜਿਸ ਦਾ ਨਾਮ ਉਕਤ ਦਰਸਾਏ ਵਿਸ਼ਾ ਸੀਨੀਆਰਤਾ ਸੂਚੀ ਵਿੱਚ ਸ਼ਾਮਲ ਹੋਣ ਤੋਂ ਰਹਿ ਗਏ ਹਨ। ਉਹ ਵੀ ਮਿਤੀ 08.08.2018 ਨੂੰ ਚੈਕ ਲਿਸਟ ਅਨੁਸਾਰ ਮੁਕੰਮਲ ਦਸਤਾਵੇਜਾਂ ਸਮੇਤ ਕਾਉਸਲਿੰਗ ਲਈ ਹਾਜਰ ਹੋਣ।

ਇਸ ਤੋਂ ਬਾਅਦ ਰਹਿ ਗਏ ਕਿਸੇ ਵੀ ਕਰਮਚਾਰੀ ਨੂੰ ਬਾਅਦ ਵਿੱਚ ਕੋਈ ਦੂਜਾ ਮੋਕਾ ਨਹੀਂ ਦਿੱਤਾ ਜਾਵੇਗਾ, ਅਧੂਰੇ ਦਸਤਾਵੇਜਾਂ ਦੇ ਅਧਾਰ ਤੇ ਕਰਮਚਾਰੀ ਦਾ ਕੇਸ ਤਰੱਕੀ ਲਈ ਨਹੀਂ ਵਿਚਾਰਿਆ ਜਾਵੇਗਾ।

ਕਾਉਸਲਿੰਗ ਲਈ ਹਾਜਰ ਹੋਏ ਟੀਚਰਾਂ ਨੂੰ ਬਾਰਡਰ ਏਰੀਆ(ਜਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ, ਪਠਾਨਕੋਟ, ਫਿਰੋਜਪੁਰ ਅਤੇ ਫਾਜਿਲਕਾ) ਅਤੇ ਮੋਜੂਦਾ ਏਰੀਆ ਸਬੰਧੀ One Time Option ਮੋਕੇ ਤੇ ਹੀ ਦੇਣੀ ਹੋਵੇਗੀ ਜੇਕਰ ਇਸ ਸਬੰਧੀ ਆਪਸ਼ਨ ਪ੍ਰਾਪਤ ਨਹੀਂ ਹੁੰਦੀ ਤਾਂ ਉਸ ਨੂੰ ਮੋਜੂਦਾ ਕਾਡਰ ਵਿੱਚ ਸਮਝਿਆ ਜਾਵੇਗਾ।

ਕਾਉਸਲਿੰਗ ਵਿੱਚ ਸ਼ਾਮਿਲ ਹੋਣ ਵਾਲੇ ਉਕਤ ਟੀਚਰ ਇਸ ਨੋਟਿਸ ਨਾਲ ਨੱਥੀ ਚੈਕ ਲਿਸਟ ਅਨੁਸਾਰ ਆਪਣੇ ਦਸਤਾਵੇਜ ਕਾਉਸਲਿੰਗ ਦੋਰਾਨ ਪੇਸ਼ ਕਰਨਗੇ। ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਦੇ ਦਫਤਰ ਦਾ ਜਿੰਮੇਵਾਰ ਅਧਿਕਾਰੀ ਡੀਲਿੰਗ ਹੈਂਡ ਸਮੇਤ ਸੂਚੀ ਵਿੱਚ ਆਪਣੇ ਜਿਲ੍ਹੇ ਨਾਲ ਸਬੰਧਤ ਸਾਰੇ ਟੀਚਰਾਂ ਦਾ ਸੀਨੀਆਰਤਾ/ਡੀਬਾਰ/ਰਿਵਰਸ਼ਨ/ਸ਼ਿਕਾਇਤ ਪੜਤਾਲ ਪੈਡਿੰਗ /ਕੋਰਟ ਕੇਸ ਪੈਡਿੰਗ/ਗੁਪਤ ਰਿਪੋਰਟ ਸਬੰਧੀ ਐਡਵਰਸ ਰਿਮਾਰਕਸ ਅਤੇ ਬੈਂਚ ਮਾਰਕ/ਲੰਬੀ ਗੈਰਹਾਜਰੀ/ਨੋਸ਼ਨਲ ਨਿਯੁਕਤੀ ਆਦਿ ਸਬੰਧੀ ਮੁਕੰਮਲ ਦਫਤਰੀ ਰਿਕਾਰਡ ਕਾਉਸਲਿੰਗ ਸਮੇਂ ਪੇਸ਼ ਕਰੇਗਾ।

ਨੱਥੀ: 1. ਉਕਤ ਅਨੁਸਾਰ ਵਿਸ਼ਾ ਸੀਨੀਆਰਤਾ ਸੂਚੀਆਂ।
2. ਚੈਕ ਲਿਸਟ(ਸਮੇਤ ਪ੍ਰੋਫਾਰਮਾਂ ੳ, ਅ ਅਤੇ ੲ)
3. ਮੋਜੂਦਾ ਕਾਡਰ ਨਵੇਂ ਬਣੇ ਬਾਰਡਰ ਏਰੀਆ ਆਪਸ਼ਨ ਫਾਰਮ।
4. ਸਕਰੂਟਨੀ ਪ੍ਰੋਫਾਰਮਾ।

ਸਹੀ/-
ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)
ਪੰਜਾਬ

Scanned with CamScanner